ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

ਪ੍ਰੈਸ ਨੋਟ

ਚੰਡੀਗੜ੍ਹ, 23 ਜੁਲਾਈ :- ਐਡੀਸ਼ਨਲ ਡਿਪਟੀ ਕਮਿਸ਼ਨਰ ਕੈਪਟਨ ਪੀ.ਐਸ. ਸ਼ੇਰਗਿੱਲ ਦੀ ਪ੍ਰਧਾਨਗੀ ਵਿਚ ਅੱਜ ਨਹਿਰੂ ਯੁਵਾ ਕੇਂਦਰ ਦੇ ਯੁਵਾ ਪ੍ਰੋਗਰਾਮ ਤੇ ਜਿਲ੍ਹਾ ਸਲਾਹਕਾਰ ਸੰਮਤੀ ਦੀ ਪਹਿਲੀ ਤਿਮਾਹੀ ਪੁਨਰਨਿਰੀਖਣ ਬੈਠਕ ਬੁਲਾਈ ਗਈ।

ਬੈਠਕ ਦੇ ਦੌਰਾਨ ਨਹਿਰੂ ਯੁਵਾ ਕੇਂਦਰ ਚੰਡੀਗੜ੍ਹ ਦੀ ਸਾਲ 2010-11 ਦੇ ਲਈ ਸਲਾਨਾ ਕਾਰਜ਼ ਯੋਜਨਾ ਤੇ ਚਰਚਾ ਕੀਤੀ ਗਈ। ਐਕਸ਼ਨ ਪਲੈਨ ਨਹਿਰੂ ਯੁਵਾ ਕੇਂਦਰ ਚੰਡੀਗੜ੍ਹ ਦੇ ਡਿਸਟ੍ਰਿਕਟ ਯੂਥ ਕਾਰਡੀਨੇਟਰ ਡਾ. ਜ਼ੀ.ਐਸ. ਬਾਜ਼ਵਾ ਦੁਆਰਾ ਪ੍ਰਸਤਾਵਿਤ ਕੀਤਾ ਗਿਆ ਸੀ ਜਿਸ ਵਿਚ ਸਾਲ ਦੌਰਾਨ ਯੁਵਾ ਪ੍ਰੋਗਰਾਮਾਂ ਦਾ ਆਯੋਜਨ ਕਰਨ ਦੇ ਲਈ 5,56000 ਰੁਪਏ ਦੇ ਬਜ਼ਟ ਦਾ ਪ੍ਰਬੰਧ ਦੇ ਨਾਲ 37 ਨਿਯਮਿਤ ਪ੍ਰੋਗਰਾਮਾਂ ਅਤੇ 27 ਵਿਸ਼ੇਸ਼ ਪ੍ਰੋਗਰਾਮਾਂ ਨੂੰ ਕਵਰ ਕੀਤਾ ਗਿਆ ਹੈ। ਡਾ. ਜ਼ੀ. ਐਸ. ਬਾਜ਼ਵਾ ਨੇ ਸਾਰੇ ਪ੍ਰੋਗਰਾਮਾਂ ਦੇ ਬਾਰੇ ਦੱਸਿਆ ਜੋ ਕਮੇਟੀ ਦੁਆਰਾ ਸਵੀਕਾਰ ਕੀਤੇ ਗਏ ਹਨ ਉਹ ਪ੍ਰੋਗਰਾਮ ਹਨ: ਯੂਥ ਕਲੱਬ ਕੰਨਟੈਕਟ ਐਂਡ ਫੀਡਬੈਕ ਪ੍ਰੋਗਰਾਮ, ਬਲਾਕ ਲੈਵਲ ਯੂਥ ਲੀਡਰ ਮੀਟਿੰਗ, ਕਪੈਸਿਟੀ ਬਿਲਡਿੰਗ ਆਫ ਯੂਥ ਕਲੱਬ, ਸਪੋਰਟਸ ਪ੍ਰੋਮੋਸ਼ਨ ਪ੍ਰੋਗਰਾਮ, ਫੋਕ ਕਲਚਰ ਫੈਸਟੀਵੈੱਲ, ਯੂਥ ਅਵਾਰਡ, ਸੈਲੀਬ੍ਰੇਸ਼ਨ ਆਫ ਇੰਮਪੋਰਟੈਂਟ ਨੈਸ਼ਨਲ ਐਂਡ ਇੰਟਰਨੈਸ਼ਨਲ ਡੇ, ਨੈਸ਼ਨਲ ਯੂਥ ਡੇ ਐਂਡ ਵੀਕ, ਕੈਰੀਅਰ ਗਾਈਡੈਂਸ ਐਂਡ ਇੰਟਰਪ੍ਰੋਅਰਰ ਕੈਂਪ, ਯੂਥ ਕੰਨਵੈਨਸ਼ਨ ਅਤੇ ਮਿਲਵਰਤਨ ਪ੍ਰੋਗਰਾਮ ਜਿਵੇਂ ਰੁੱਖ ਲਗਾਉਣਾ, ਖੂਨ ਦਾਨ, ਐਚਆਈਵੀ ਏਡਜ਼ ਅਤੇ ਨਸ਼ੇ ਵਿਰੋਧੀ ਵਰਕਸ਼ਾਪ ਡਾਕਟਰੀ ਚੈੱਕਅੱਪ ਕੈਂਪ।

ਮੀਟਿੰਗ ਦੇ ਦੌਰਾਨ ਐਡੀਸ਼ਨਲ ਡਿਪਟੀ ਕਮਿਸ਼ਨਰ ਚੰਡੀਗੜ੍ਹ ਨੇ ਪੇਂਡੂ ਅਤੇ ਝੁੱਗੀਆਂ ਝੌਂਪੜੀਆਂ ਵਾਲੇ ਖੇਤਰਾਂ ਵਿਚ ਨਸ਼ਾ ਮੁਕਤੀ ਅਤੇ ਐਚਆਈਵੀ ਏਡਜ਼ ਦੇ ਬਾਰੇ ਵਿਚ ਜਾਗਰੂਕਤਾ ਕੈਂਪ ਲਗਾਉਣ ਤੇ ਜ਼ੋਰ ਦਿੱਤਾ। ਉਹਨਾਂ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਪੌਦੇ ਲਗਾਉਣ ਦੀ ਜੋ ਗਤੀਵਿਧੀ ਚਲਾਈ ਜਾ ਰਹੀ ਹੈ ਇਸ ਵਿਚ ਯੂਥ ਕਲੱਬ ਦੀ ਜਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਛੋਟੇ ਪੌਦਿਆਂ ਦੀ ਸੰਭਾਲ ਕਰਨ ਤਾਂ ਕਿ ਉਹ ਸੁੰਦਰ ਦਰੱਖਤ ਦੇ ਰੂਪ ਵਿਚ ਵੱਧ ਸਕਣ।

ਇਸ ਦੇ ਨਾਲ ਹੀ ਸਕੂਲ ਖੇਡਾਂ ਦੀ ਜਿਲ੍ਹਾ ਪੱਧਰ ਦੀ ਆਯੋਜਨ ਸੰਮਤੀ ਨੇ 10 ਖੇਤਰਾਂ ਵਿਚ ਇੰਟਰ ਸਕੂਲ ਖੇਡ ਮੁਕਾਬਲੇ ਆਯੋਜਤ ਕਰਨ ਤੇ ਚਰਚਾ ਕੀਤੀ ਹੈ। ਇਹ ਨਿਰਣਾ ਲਿਆ ਗਿਆ ਹੈ ਕਿ ਸਕੂਲਾਂ ਦੇ ਖੇਡ ਮੁਕਾਬਲੇ ਸਿੱਖਿਆ ਅਤੇ ਖੇਡ ਵਿਭਾਗ ਚੰਡੀਗੜ੍ਹ ਨਾਲ ਮਿਲ ਕੇ 17 ਅਗਸਤ ਤੋਂ 20 ਅਗਸਤ, 2010 ਤੱਕ ਆਯੋਜਤ ਕੀਤੇ ਜਾਣਗੇ।

ਸਤੰਬਰ 2010 ਵਿਚ ਚੰਡੀਗੜ੍ਹ ਵਿਚ ਇੱਕ ਰਾਜ਼ ਪੱਧਰੀ ਰਾਸ਼ਟਰੀ ਏਕਤਾ ਕੈਂਪ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿਚ 7 ਰਾਜ਼ ਗੰਗਟੋਕ (ਸਿੱਕਮ), ਨਾਹਨ (ਐੱਚ ਪੀ), ਮੇਰਠ (ਯੂਪੀ), ਗੰਗਾ ਨਗਰ (ਰਾਜ਼ਸਥਾਨ) ਅਤੇ ਗਵਾਲੀਅਰ (ਐਮਪੀ), ਪੰਜਾਬ ਅਤੇ ਯੂਟੀ ਚੰਡੀਗੜ੍ਹ  ਭਾਗ ਲੈਣਗੇ।